ਯੁਨਾਈਟੇਡ ਸਟੇਟਸ ਖੇਤੀਬਾੜੀ ਵਿਭਾਗ
(United States Department of Agriculture)

ਫਾਰਮ ਸਰਵਿਸ ਏਜੰਸੀ

# ਤਬਾਹੀ ਸਹਾਇਤਾ

## ਦਰਖ਼ਤ ਸਹਾਇਤਾ ਪ੍ਰੋਗਰਾਮ


### ਸੰਖੇਪ

ਦਰਖ਼ਤ ਸਹਾਇਤਾ ਪ੍ਰੋਗਰਾਮ (TAP) ਕੁਦਰਤੀ ਤਬਾਹੀਆਂ ਕਰਕੇ ਖ਼ਰਾਬ ਹੋਏ ਯੋਗ ਦਰਖ਼ਤਾਂ, ਝਾੜੀਆਂ ਅਤੇ ਅੰਗੂਰ ਦੀਆਂ ਵੇਲਾਂ ਫਿਰ ਤੋਂ ਲਾਉਣ ਜਾਂ ਖ਼ਰਾਬ ਹੋਏ ਬੂਟਿਆਂ ਨੂੰ ਫਿਰ ਤੋਂ ਲਾਉਣ ਲਈ ਫਲਾਂ ਦੇ ਯੋਗ ਕਾਸ਼ਤਕਾਰਾਂ ਅਤੇ ਨਰਸਰੀ ਵਿੱਚ ਦਰਖ਼ਤ ਉਗਾਉਣ ਵਾਲਿਆਂ ਨੂੰ ਮਾਲੀ ਸਹਾਇਤਾ ਦਿੰਦਾ ਹੈ। U.S. ਖੇਤੀਬਾੜੀ ਵਿਭਾਗ (USDA) ਦੀ ਫ਼ਾਰਮ ਸਰਵਿਸ ਏਜੰਸੀ (FSA) ਵਲੋਂ TAP ਦਾ ਪ੍ਰਬੰਧ ਕੀਤਾ ਜਾਂਦਾ ਹੈ।


### ਯੋਗ ਕੀ ਹੈ?

#### ਦਰਖ਼ਤ ਦੀਆਂ ਯੋਗ ਕਿਸਮਾਂ

ਯੋਗ ਦਰਖ਼ਤ, ਝਾੜੀਆਂ ਅਤੇ ਅੰਗੂਰ ਦੀਆਂ ਵੇਲਾਂ ਉਹ ਬੂਟੇ ਹਨ, ਜਿਹਨਾਂ ਤੋਂ ਵਪਾਰਕ ਉਦੇਸ਼ਾਂ ਲਈ ਸਲਾਨਾ ਫਸਲ ਦਾ ਉਤਪਾਦਨ ਕੀਤਾ ਜਾਂਦਾ ਹੈ। ਵਪਾਰਕ ਵਿਕਰੀ ਲਈ ਨਰਸਰੀ ਵਿੱਚ ਉਤਪਾਦਨ ਕੀਤੇ ਜਾਂਦੇ ਦਰਖ਼ਤਾਂ ਵਿੱਚ ਸਜਾਵਟ ਵਾਲੇ ਦਰਖ਼ਤ, ਫਲ, ਗਿਰੀਆਂ ਅਤੇ ਕ੍ਰਿਸਮਿਸ ਦੇ ਦਰਖ਼ਤ ਸ਼ਾਮਿਲ ਹੁੰਦੇ ਹਨ। ਕਾਗਜ਼ ਬਣਾਉਣ ਲਈ ਲੁਗਦੀ ਜਾਂ ਇਮਾਰਤੀ ਲੱਕੜ ਲਈ ਇਸਤੇਮਾਲ ਕੀਤੇ ਜਾਂਦੇ ਦਰਖ਼ਤ TAP ਸਹਾਇਤਾ ਲਈ ਯੋਗ ਨਹੀਂ ਹਨ।

### ਯੋਗ ਨੁਕਸਾਨ

ਢੁਕਵਾਂ ਨੁਕਸਾਨ ਮੰਨਿਆ ਜਾਣਾ:

- ਦਰਖ਼ਤਾਂ ਦੀ ਉਮੀਦ ਕੀਤੀ ਜਾਂਦੀ ਮ੍ਰਿਤੂ ਦੇ ਨੁਕਸਾਨ ਨੂੰ ਪਹਿਲਾਂ ਤੋਂ ਧਿਆਨ ਵਿੱਚ ਰੱਖਣਾ ਚਾਹੀਦਾ ਹੈ; ਯੋਗ ਦਰਖ਼ਤਾਂ, ਝਾੜੀਆਂ ਜਾਂ ਵੇਲਾਂ ਦੇ ਸਟੈਂਡ ਨੂੰ ਕੁਦਰਤੀ ਤਬਾਹੀ ਕਰਕੇ 15 ਫ਼ੀਸਦ ਤੋਂ ਵੱਧ ਦੀ ਮ੍ਰਿਤੂ-ਦਰ (ਆਮ ਮ੍ਰਿਤੂ-ਦਰ ਤੋਂ ਬਾਅਦ) ਦਾ ਨੁਕਸਾਨ ਚੁੱਕਣਾ ਪੈ ਸਕਦਾ ਹੈ;
- ਯੋਗ ਦਰਖ਼ਤਾਂ, ਝਾੜੀਆਂ ਜਾਂ ਵੇਲਾਂ ਦੇ ਸਟੈਂਡ 'ਤੇ ਦਰਖ਼ਤ ਡਿਗਣਾ ਇਹਨਾਂ ਗੱਲਾਂ 'ਤੇ ਅਧਾਰਤ ਹੈ:
  - ਬੂਟੇ ਦੀ ਬਿਮਾਰੀ ਕਰਕੇ ਹੋਏ ਨੁਕਸਾਨ ਨੂੰ ਛੱਡਕੇ ਤਬਾਹੀ ਦੀ ਹਰ ਯੋਗ ਘਟਨਾ; ਅਤੇ
  - ਬੂਟੇ ਦੀ ਬਿਮਾਰੀ ਲਈ, FSA ਵਲੋਂ ਨਿਰਧਾਰਤ ਕੀਤੀ ਗਈ ਸਮੇਂ ਦੀ ਮਿਆਦ, ਜਿਸ ਵਿੱਚ ਸਟੈਂਡ ਨੂੰ ਕੀੜਾ ਲੱਗਦਾ ਹੈ।
- ਢੁਕਵੀਆਂ ਅਤੇ ਉਪਲਬਧ ਕਾਰਵਾਈਆਂ ਰਾਹੀਂ ਨੁਕਸਾਨ ਨੂੰ ਰੋਕਿਆ ਨਹੀਂ ਜਾ ਸਕਦਾ;
- FSA ਦੇ ਨੁਮਾਇੰਦੇ ਲਈ ਨੁਕਸਾਨ ਪ੍ਰਤੱਖ ਅਤੇ ਸਪਸ਼ਟ ਹੋਣਾ ਚਾਹੀਦਾ ਹੈ; ਜੇ ਇਸ ਸਮੇਂ ਨੁਕਸਾਨ ਨਜ਼ਰ ਨਹੀਂ ਆ ਰਿਹਾ, ਤਾਂ FSA ਨੁਕਸਾਨ ਦਾ ਹੋਰ ਸਬੂਤ ਪ੍ਰਵਾਣ ਕਰ ਸਕਦਾ ਹੈ ਕਿ ਕੋਈ ਹੋਰ ਸਬੂਤ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਇੱਕ ਯੋਗ ਨੁਕਸਾਨ ਕੁਦਰਤੀ ਤਬਾਹੀ ਕਰਕੇ ਹੋਇਆ ਹੈ; ਅਤੇ
- FSA ਬੂਟੇ ਦੀ ਬਿਮਾਰੀ ਜਾਂ ਕੀੜਾ ਲੱਗਣ ਦੇ ਮਾਮਲੇ ਵਿੱਚ ਨੁਕਸਾਨ ਦੀ ਹੱਦ ਦਾ ਨਿਰਣਾ ਕਰਨ ਲਈ ਯੋਗਤਾਪ੍ਰਾਪਤ ਮਾਹਿਰ ਤੋਂ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ।

### ਫਲਾਂ ਦੇ ਯੋਗ ਕਾਸ਼ਤਕਾਰ ਅਤੇ ਨਰਸਰੀ ਵਿੱਚ ਦਰਖ਼ਤ ਉਗਾਉਣ ਵਾਲੇ ਲੋਕ

TAP ਲਈ ਯੋਗ ਹੋਣ ਵਾਸਤੇ ਫਲਾਂ ਦੇ ਯੋਗ ਕਾਸ਼ਤਕਾਰਾਂ ਅਤੇ ਨਰਸਰੀ ਵਿੱਚ ਦਰਖ਼ਤ ਉਗਾਉਣ ਵਾਲੇ ਲੋਕਾਂ ਨੂੰ ਇਹ ਕੰਮ ਜ਼ਰੂਰ ਕਰਨਾ ਚਾਹੀਦਾ ਹੈ:

- ਇੱਕ ਯੋਗ ਕੁਦਰਤੀ ਤਬਾਹੀ ਕਰਕੇ ਸਟੈਂਡ (ਆਮ ਤੌਰ 'ਤੇ ਦਰਖ਼ਤ ਡਿਗਣ ਲਈ ਤਰਤੀਬ ਦੇਣੀ) ਲਈ 15 ਫ਼ੀਸਦ ਤੋਂ ਵੱਧ ਦਰਖ਼ਤ ਡਿਗਣ ਵਿੱਚ ਇੱਕ ਯੋਗ ਦਰਖ਼ਤ, ਝਾੜੀ ਜਾਂ ਵੇਲ ਦਾ ਨੁਕਸਾਨ ਹੋਇਆ ਹੈ;
- ਕੁਦਰਤੀ ਤਬਾਹੀ ਵਾਪਰਣ ਵੇਲੇ ਦਰਖ਼ਤ, ਝਾੜੀਆਂ ਅਤੇ ਵੇਲਾਂ ਉਸਦੀ ਮਲਕੀਅਤ ਵਿੱਚ ਹਨ, ਪਰ ਦਰਖ਼ਤ ਉਗਾਉਣ ਵਾਲੇ ਯੋਗ ਕਾਸ਼ਤਕਾਰ, ਜਿਸ ਜ਼ਮੀਨ 'ਤੇ ਉਸਦੇ ਯੋਗ ਦਰਖ਼ਤ, ਝਾੜੀਆਂ ਅਤੇ ਵੇਲਾਂ ਲੱਗੀਆਂ ਹੋਈਆਂ ਹਨ, ਨੂੰ ਜ਼ਮੀਨ ਦਾ ਮਾਲਕ ਹੋਣ ਦੀ ਲੋੜ ਨਹੀਂ ਹੈ,; ਅਤੇ
- TAP ਦੀ ਅਰਜ਼ੀ ਪ੍ਰਵਾਣ ਹੋਣ ਦੀ ਤਾਰੀਖ਼ ਤੋਂ 12 ਮਹੀਨਿਆਂ ਦੇ ਅੰਦਰ ਯੋਗ ਦਰਖ਼ਤਾਂ, ਝਾੜੀਆਂ ਅਤੇ ਵੇਲਾਂ ਹਟਾਉਣੀਆਂ।



### ਇਹ ਕਿਵੇਂ ਕੰਮ ਕਰਦੀ ਹੈ

#### ਰਕਬੇ ਦੀ ਸੀਮਾ

ਦਰਖ਼ਤਾਂ, ਝਾੜੀਆਂ ਜਾਂ ਵੇਲਾਂ ਲਾਉਣ ਲਈ ਜ਼ਮੀਨ ਦੇ ਕਿੱਲਿਆਂ ਦੀ ਕੁਲ ਜੋੜੀ ਗਈ ਮਾਤਰਾ, ਜਿਸ ਲਈ ਫਲਾਂ ਦਾ ਢੁਕਵਾਂ ਕਾਸ਼ਤਕਾਰ ਜਾਂ ਨਰਸਰੀ ਵਿੱਚ ਬੂਟੇ ਉਗਾਉਣ ਵਾਲਾ ਉਹ ਕਾਸ਼ਤਕਾਰ, ਜਿਸਦੀ ਸਲਾਨਾ ਮਾਤਰਾ 1,000 ਕਿੱਲਿਆਂ ਤੋਂ ਵੱਧ ਨਹੀਂ ਹੋ ਸਕਦੀ, TAP ਦਾ ਭੁਗਤਾਨ ਪ੍ਰਾਪਤ ਕਰ ਸਕਦਾ ਹੈ।

#### ਭੁਗਤਾਨ ਸੀਮਾ ਅਤੇ ਔਸਤ ਸਮਾਯੋਜਿਤ ਕੁੱਲ ਆਮਦਨ (AGI)

ਜਿਹੜੇ ਨੁਕਸਾਨ 1 ਜਨਵਰੀ, 2017 ਨੂੰ ਜਾਂ ਬਾਅਦ ਵਿੱਚ ਹੋਏ ਸੀ, ਉੱਥੇ TAP ਲਈ ਭੁਗਤਾਨ ਦੀ ਕੋਈ ਸੀਮਾ ਨਹੀਂ ਹੈ।

ਔਸਤ ਸਮਾਯੋਜਿਤ ਕੁੱਲ ਆਮਦਨ (AGI) ਤੇ ਸੀਮਾ ਲਈ ਅਪਲਾਈ ਕਰਦਿਆਂ, ਜੇ ਸਬੰਧਿਤ ਟੈਕਸ ਸਾਲਾਂ ਲਈ ਵਿਅਕਤੀ ਜਾਂ ਕਾਨੂੰਨੀ ਸੰਸਥਾ ਦੀ AGI $900,000 ਤੋਂ ਵੱਧ ਹੈ, ਤਾਂ ਇੱਕ ਵਿਅਕਤੀ ਜਾਂ ਕਾਨੂੰਨੀ ਸੰਸਥਾ TAP ਹੇਠ ਭੁਗਤਾਨ ਲਈ ਅਯੋਗ ਹੈ। ਸਿੱਧਾ ਅਖ਼ਤਿਆਰ TAP 'ਤੇ ਲਾਗੂ ਹੁੰਦਾ ਹੈ ਅਤੇ ਇਸਦੇ ਨਾਲ ਹੀ ਇਸਦੀ ਵਰਤੋਂ AGI ਦੇ ਉਦੇਸ਼ਾਂ ਲਈ ਕੀਤੀ ਜਾਂਦੀ ਹੈ। ਸਿੱਧੇ ਅਖ਼ਤਿਆਰ ਹੇਠ, ਕਾਨੂੰਨੀ ਸੰਸਥਾ ਨੂੰ ਕਿਸੇ ਵੀ ਭੁਗਤਾਨ ਨੂੰ (ਭੁਗਤਾਨ ਦੇ ਹੱਦ ਦੇ ਉਦੇਸ਼ਾਂ ਲਈ) ਕਾਨੂੰਨੀ ਸੰਸਥਾ ਜਾਂ ਉਪ-ਸੰਸਥਾ ਵਿੱਚ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਜਾਂ ਕਾਨੂੰਨੀ ਸੰਸਥਾਵਾਂ ਨੂੰ ਭੁਗਤਾਨ ਮੰਨਿਆ ਜਾਏਗਾ।

## ਭੁਗਤਾਨ ਕੈਲਕੁਲੇਟਰ

ਦਰਖ਼ਤ, ਝਾੜੀ ਜਾਂ ਵੇਲ ਬਦਲਣ, ਮੁੜ ਲਾਉਣ ਅਤੇ/ਜਾਂ ਫਿਰ ਤੋਂ ਸੁਰਜੀਤ ਕਰਨ ਲਈ ਭੁਗਤਾਨ ਦਾ ਹਿਸਾਬ-ਕਿਤਾਬ ਹੇਠਾਂ ਦਿੱਤਿਆਂ ਨਾਲੋਂ ਘੱਟ ਹੈ:

- ਫਿਰ ਤੋਂ ਬੂਟੇ ਲਾਉਣ ਦੀ ਅਸਲ ਲਾਗਤ ਦਾ 65 ਫ਼ੀਸਦ, ਖ਼ਤਮ ਹੋਣ ਦੀ 15 ਫ਼ੀਸਦ ਦੀ ਦਰ ਤੋਂ ਵੱਧ (ਆਮ ਤੌਰ 'ਤੇ ਦਰਖ਼ਤ ਡਿਗਣ ਲਈ ਤਰਤੀਬ ਦੇਣੀ) ਅਤੇ ਜਿੱਥੇ ਲਾਗੂ ਹੈ, ਪੁਰਾਣੇ ਬੂਟੇ ਫਿਰ ਤੋਂ ਲਾਉਣ ਦਾ 50 ਫ਼ੀਸਦ, ਨੁਕਸਾਨ ਜਾਂ ਖ਼ਤਮ ਹੋਣ ਦੀ 15 ਫ਼ੀਸਦ ਦੀ ਦਰ ਤੋਂ ਵੱਧ (ਦਰਖ਼ਤ ਦੇ ਆਮ ਨੁਕਸਾਨ ਅਤੇ ਆਮ ਦਰਖ਼ਤ ਡਿਗਣ ਲਈ ਤਰਤੀਬ ਦੇਣੀ); ਜਾਂ
- FSA ਵਲੋਂ ਪ੍ਰੈਕਟਿਸ ਲਈ ਸਥਾਪਿਤ ਕੀਤੀ ਗਈ ਵੱਧ ਤੋਂ ਵੱਧ ਯੋਗ ਰਕਮ

2018 ਦੇ ਖੇਤੀਬਾੜੀ ਬਿਲ ਵਿੱਚ ਸ਼ੁਰੂਆਤੀ ਜਾਂ ਤਜ਼ਰਬੇਕਾਰ ਕਿਸਾਨ ਜਾਂ ਪਸ਼ੂ ਪਾਲਕ ਦੀ ਪਰਿਭਾਸ਼ਾ 'ਤੇ ਪੂਰਾ ਉਤਰਣ ਵਾਲੇ ਬਿਨੈਕਾਰਾਂ ਲਈ ਉਸ ਵਲੋਂ ਖ਼ਰਚ ਕੀਤੀ ਗਈ ਰਕਮ ਦਾ ਭੁਗਤਾਨ ਕੀਤੇ ਜਾਣ ਵਾਲੀ ਰਕਮ ਵਿੱਚ ਵਾਧਾ ਕੀਤਾ ਗਿਆ ਹੈ। ਭੁਗਤਾਨ ਦਾ ਹਿਸਾਬ-ਕਿਤਾਬ ਹੇਠਾਂ ਦਿੱਤਿਆਂ ਨਾਲੋਂ ਘੱਟ ਹੈ:

- ਫਿਰ ਤੋਂ ਬੂਟੇ ਲਾਉਣ ਦੀ ਅਸਲ ਲਾਗਤ ਦਾ 75 ਫ਼ੀਸਦ, ਖ਼ਤਮ ਹੋਣ ਦੀ 15 ਫ਼ੀਸਦ ਦੀ ਦਰ ਤੋਂ ਵੱਧ (ਆਮ ਤੌਰ 'ਤੇ ਦਰਖ਼ਤ ਡਿਗਣ ਲਈ ਤਰਤੀਬ ਦੇਣੀ) ਅਤੇ ਜਿੱਥੇ ਲਾਗੂ ਹੈ, ਪੁਰਾਣੇ ਬੂਟੇ ਫਿਰ ਤੋਂ ਲਾਉਣ ਦਾ 75 ਫ਼ੀਸਦ, ਨੁਕਸਾਨ ਜਾਂ ਖ਼ਤਮ ਹੋਣ ਦੀ 15 ਫ਼ੀਸਦ ਦੀ ਦਰ ਤੋਂ ਵੱਧ (ਦਰਖ਼ਤ ਦੇ ਆਮ ਨੁਕਸਾਨ ਅਤੇ ਆਮ ਦਰਖ਼ਤ ਡਿਗਣ ਲਈ ਤਰਤੀਬ ਦੇਣੀ); ਜਾਂ
- FSA ਵਲੋਂ ਪ੍ਰੈਕਟਿਸ ਲਈ ਸਥਾਪਿਤ ਕੀਤੀ ਗਈ ਵੱਧ ਤੋਂ ਵੱਧ ਯੋਗ ਰਕਮ

## ਅਰਜ਼ੀਆਂ

ਹੇਠਾਂ ਦਿੱਤੀ ਸਾਰਣੀ ਵਿੱਚ TAP ਦੀ ਅਰਜ਼ੀ ਅਤੇ ਸਹਾਇਕ ਦਸਤਾਵੇਜ਼ ਜਮ੍ਹਾ ਕਰਾਉਣ ਲਈ ਅੰਤਮ ਤਾਰੀਖ਼ਾਂ ਦਿੱਤੀਆਂ ਗਈਆਂ ਹਨ:

| ਨੁਕਸਾਨ ਹੋਣ ਦੀ ਤਾਰੀਖ਼ | ਅਰਜ਼ੀ ਅਤੇ ਸਹਾਇਕ ਦਸਤਾਵੇਜ਼ ਜਮ੍ਹਾ ਕਰਾਉਣ ਦੀ ਅੰਤਮ ਤਾਰੀਖ਼ |
|---|---|
| 1 ਜਨਵਰੀ, 2019 ਅਤੇ ਬਾਅਦ ਦੇ ਸਾਲ | 60 ਕੈਲੰਡਰ ਦਿਨਾਂ ਦੇ ਬਾਅਦ (FR ਵਿੱਚ ਛਪਣ ਦੀ ਤਾਰੀਖ਼) ਜਾਂ 90 ਕੈਲੰਡਰ ਦਿਨਾਂ ਦੇ ਅੰਦਰ:<br>• ਤਬਾਹੀ ਦੀ ਘਟਨਾ; ਜਾਂ<br>• ਤਾਰੀਖ਼, ਜਦੋਂ ਉਤਪਾਦਕ ਨੂੰ ਨੁਕਸਾਨ ਸਪੱਸ਼ਟ ਹੋਇਆ। |

## ਹੋਰ ਜਾਣਕਾਰੀ

ਇਹ ਤੱਥ ਪੱਤਰ ਸਿਰਫ ਜਾਣਕਾਰੀ ਦੇ ਉਦੇਸ਼ਾਂ ਲਈ ਹੈ; ਹੋਰ ਪਾਬੰਦੀਆਂ ਲਾਗੂ ਹੋ ਸਕਦੀਆਂ ਹਨ। ELAP ਬਾਰੇ ਵਧੇਰੇ ਜਾਣਕਾਰੀ ਲਈ disaster.fsa.usda.gov ਤੇ ਜਾਓ ਜਾਂ ਆਪਣੇ ਸਥਾਨਕ FSA ਦਫਤਰ ਨਾਲ ਸੰਪਰਕ ਕਰੋ।

ਆਪਣੇ ਸਥਾਨਕ FSA ਦਫਤਰ ਦਾ ਪਤਾ ਲਗਾਉਣ ਲਈ, farmers.gov ਤੇ ਜਾਓ।

USDA ਇੱਕ ਬਰਾਬਰ ਅਵਸਰ ਪ੍ਰਦਾਨ ਕਰਨ ਵਾਲਾ, ਰੁਜ਼ਗਾਰਦਾਤਾ ਅਤੇ ਕਰਜ਼ਾ ਪ੍ਰਦਾਤਾ ਹੈ।